## ਨਿਊ ਯਾਰਕ ਸ਼ਹਿਰ ਵੱਲੋਂ ਅਧਿਕਾਰਿਤ ਨੋਟਿਸ

**ਸੰਯੁਕਤ ਰਾਜ ਜਨਗਣਨਾ ਬਿਊਰੋ (United States Census Bureau) ਦੇ ਕਰਮਚਾਰੀ (ਗਣਨਾਕਾਰ) ਵਰਤਮਾਨ ਸਮੇਂ ਖੁਦ ਚੱਲਕੇ, ਘਰ-ਘਰ ਜਾਕੇ ਨਿਊ ਯਾਰਕ ਸ਼ਹਿਰ (New York City) ਵਿੱਚ ਜਨਗਣਨਾ ਪੂਰੀ ਕਰਨ ਦੀਆਂ ਕਾਰਵਾਈਆਂ ਕਰ ਰਹੇ ਹਨ।**

**ਯੂ.ਐੱਸ. ਦੀ ਜਨਗਣਨਾ ਵਿੱਚ ਭਾਗੀਦਾਰੀ ਕਰਨਾ ਸੰਘੀ ਕਨੂੰਨ (ਟਾਈਟਲ 13, ਚੈਪਟਰ 7, ਸਬ II) ਦੁਆਰਾ ਲੋੜੀਂਦਾ ਹੈ।
ਇਸ ਕਨੂੰਨ ਦੀ ਤਾਮੀਲ ਕਰਨਾ ਯਕੀਨੀ ਬਣਾਉਣ ਲਈ, ਇਹ ਜ਼ਰੂਰੀ ਹੈ ਕਿ ਜਾਇਦਾਦ ਮਾਲਕ ਅਤੇ ਬਿਲਡਿੰਗ ਮੈਨੇਜਰ ਜਨਗਣਨਾ ਕਰਨ ਵਾਲੇ ਗਣਨਾਕਾਰਾਂ ਨੂੰ ਪਹੁੰਚ ਪ੍ਰਦਾਨ ਕਰਨ।**

**ਬਿਲਡਿੰਗ ਤੱਕ ਪਹੁੰਚ ਦੇਣ ਲਈ ਜ਼ਿੰਮੇਵਾਰ ਸਾਰੇ ਅਮਲੇ ਨੂੰ ਜਨਗਣਨਾ ਬਿਊਰੋ ਦੇ ਵਰਤਮਾਨ ਆਪਰੇਸ਼ਨ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ।**

2020 ਦੀ ਜਨਗਣਨਾ, ਜੋ ਕਿ ਸੰਯੁਕਤ ਰਾਜ ਵਿੱਚ ਰਹਿਣ ਵਾਲੇ ਸਾਰੇ ਵਿਅਕਤੀਆਂ ਦੀ ਅਧਿਕਾਰਿਤ ਗਣਨਾ ਹੈ ਜੋ ਹਰ ਸਾਲ 10 ਸਾਲਾਂ ਬਾਅਦ ਵਾਪਰਦੀ ਹੈ ਅਤੇ ਸੰਯੁਕਤ ਰਾਜ ਦੇ ਸੰਵਿਧਾਨ ਦੁਆਰਾ ਲੋੜੀਂਦੀ ਹੈ, ਇਸ ਸਾਲ ਬਸੰਤ ਰੁੱਤ ਵਿੱਚ ਸ਼ੁਰੂ ਹੋਈ ਸੀ। ਤਦ ਤੋਂ ਲੈਕੇ, ਸਮੁੱਚੇ ਦੇਸ਼ ਵਿਚਲੇ ਪਰਿਵਾਰ ਔਨਲਾਈਨ ਜਾਂ ਫ਼ੋਨ ਰਾਹੀਂ ਜਨਗਣਨਾ ਦਾ ਖੁਦ ਜਵਾਬ ਦੇਣ ਦੇ ਯੋਗ ਹੁੰਦੇ ਆਏ ਹਨ।

ਪਰ, ਸਾਰੇ ਪਰਿਵਾਰ ਜਨਗਣਨਾ ਆਪਣੇ ਆਪ ਪੂਰੀ ਨਹੀਂ ਕਰਦੇ। ਇਸਦੇ ਜਵਾਬ ਵਜੋਂ, ਯੂ.ਐੱਸ. ਜਨਗਣਨਾ ਬਿਊਰੋ "ਜਨਗਣਨਾ ਦਾ ਜਵਾਬ ਨਾ ਦੇਣ ਵਾਲਿਆਂ ਲਈ ਪੈਰਵਾਈ" (Non-Response Follow Up - NRFU) ਆਪਰੇਸ਼ਨ ਚਲਾਉਂਦੀ ਹੈ, ਜਿੱਥੇ ਗਣਨਾਕਾਰ ਦਰਵਾਜ਼ਿਆਂ 'ਤੇ ਦਸਤਕ ਦਿੰਦੇ ਹਨ ਅਤੇ ਪਰਿਵਾਰਾਂ ਕੋਲੋਂ ਜਨਗਣਨਾ ਜਾਣਕਾਰੀ ਇਕੱਤਰ ਕਰਦੇ ਹਨ। ਜਨਗਣਨਾ ਕਰਨ ਵਾਲੇ ਗਣਨਾਕਾਰਾਂ ਨੇ 6 ਅਗਸਤ ਤੋਂ ਸ਼ਹਿਰ ਦੇ ਪਰਿਵਾਰਾਂ ਕੋਲ ਜਾਣਾ ਸ਼ੁਰੂ ਕੀਤਾ ਸੀ ਅਤੇ ਉਹ 30 ਸਤੰਬਰ, 2020 ਤੱਕ ਜਾਰੀ ਰੱਖਣਗੇ।

**NRFU ਬਾਰੇ ਮੁੱਖ ਤੱਥ:**

- ਜਦ ਵੀ ਸੰਭਵ ਹੋਇਆ, ਗਣਨਾਕਾਰ ਇੰਟਰਵਿਊਆਂ ਦਾ ਸੰਚਾਲਨ ਕਰਨ ਤੋਂ ਪਹਿਲਾਂ ਪ੍ਰਾਪਰਟੀ ਮੈਨੇਜਰਾਂ ਨਾਲ ਸੰਪਰਕ ਕਰਨਗੇ। ਕਿਰਪਾ ਕਰਕੇ ਇਹ ਜਾਣ ਲਓ ਕਿ ਇਹ ਹਮੇਸ਼ਾ ਸੰਭਵ ਨਹੀਂ ਹੁੰਦਾ।
- ਸਾਰੇ ਗਣਨਾਕਾਰਾਂ ਦੇ ਪਿਛੋਕੜ ਬਾਰੇ ਵਿਸਤਰਿਤ ਪੜਤਾਲਾਂ ਕੀਤੀਆਂ ਗਈਆਂ ਹਨ ਅਤੇ ਉਂਗਲਾਂ ਦੇ ਨਿਸ਼ਾਨ ਲਏ ਗਏ ਹਨ, ਅਤੇ ਯੂ.ਐੱਸ. ਡਿਪਾਰਟਮੈਂਟ ਆਫ ਕਮਰਸ (U.S. Department of Commerce) ਵੱਲੋਂ ਉਹਨਾਂ ਨੂੰ ਕੰਮ ਕਰਨ ਲਈ ਪ੍ਰਮਾਣਿਤ ਕੀਤਾ ਗਿਆ ਹੈ।
- ਸਾਰੇ ਗਣਨਾਕਾਰਾਂ ਕੋਲ ਯੂ.ਐੱਸ. ਡਿਪਾਰਟਮੈਂਟ ਆਫ਼ ਕਮਰਸ ਦੇ ਵਾਟਰਮਾਰਕ ਅਤੇ ਮਿਆਦ ਸਮਾਪਤੀ ਦੀ ਤਾਰੀਖ਼ ਵਾਲਾ ਇੱਕ ਬੈਜ ਹੋਵੇਗਾ। ਇਸ ਤੋਂ ਇਲਾਵਾ, ਸਾਰੇ ਗਣਨਾਕਾਰਾਂ ਕੋਲ ਇੱਕ ਬੈਗ ਹੋਵੇਗਾ ਜਿਸ ਉੱਤੇ ਸੰਯੁਕਤ ਰਾਜ ਜਨਗਣਨਾ ਬਿਊਰੋ ਦਾ ਲੋਗੋ ਹੋਵੇਗਾ, ਅਤੇ ਉਹਨਾਂ ਕੋਲ ਮੌਜੂਦ ਕਿਸੇ ਡੀਵਾਈਸਾਂ ਉੱਤੇ ਵੀ ਬਿਊਰੋ ਦਾ ਲੋਗੋ ਲੱਗਾ ਹੋਵੇਗਾ।
- ਜੇ ਕਿਸੇ ਵਿਅਕਤੀ ਦੀ ਸ਼ਨਾਖਤ ਦੀ ਸੱਚਾਈ ਬਾਰੇ ਤੁਹਾਡੇ ਜਾਂ ਕਿਰਾਏਦਾਰਾਂ ਦੇ ਕੋਈ ਸਵਾਲ ਹਨ, ਤਾਂ ਤੁਸੀਂ ਜਨਗਣਨਾ ਬਿਊਰੋ ਦੇ ਕਿਸੇ ਪ੍ਰਤੀਨਿਧੀ ਨਾਲ ਗੱਲ ਕਰਨ ਲਈ 212-882-7100 'ਤੇ ਕਾਲ ਕਰ ਸਕਦੇ ਹੋ ਅਤੇ ਉਹਨਾਂ ਦੇ ਰੁਜ਼ਗਾਰ ਦੀ ਪੁਸ਼ਟੀ ਕਰ ਸੱਕਦੇ ਹੋ।
- ਸਾਰੇ ਗਣਨਾਕਾਰਾਂ ਨੇ ਸਮਾਜਕ ਦੂਰੀ ਬਣਾਈ ਰੱਖਣ ਬਾਰੇ ਸਿਖਲਾਈ ਪੂਰੀ ਕੀਤੀ ਹੈ। ਉਹਨਾਂ ਕੋਲੋਂ ਹਰ ਸਮੇਂ ਚਿਹਰੇ ਦਾ ਮਾਸਕ ਪਹਿਨਣਾ, ਕਦੇ ਵੀ ਘਰਾਂ ਅੰਦਰ ਨਾ ਵੜਨਾ, ਅਤੇ ਇੰਟਰਵਿਊਆਂ ਕਰਦੇ ਸਮੇਂ 6 ਫੁੱਟ ਦੂਰ ਰਹਿਣਾ ਲੋੜਿਆ ਜਾਂਦਾ ਹੈ।
- ਜੇ ਕੋਈ ਵਸਨੀਕ ਘਰ ਨਹੀਂ ਹੈ, ਤਾਂ ਗਣਨਾਕਾਰ ਇਸ ਜਾਣਕਾਰੀ ਦੇ ਨਾਲ ਇੱਕ ਨੋਟ ਲਿਖਕੇ ਛੱਡ ਦੇਣਗੇ ਕਿ ਜਨਗਣਨਾ ਦਾ ਜਵਾਬ ਕਿਵੇਂ ਦੇਣਾ ਹੈ।
- ਜਦ ਕੋਈ ਪਰਿਵਾਰ ਆਪਣੀ ਜਨਗਣਨਾ ਪੂਰੀ ਕਰ ਲੈਂਦਾ ਹੈ, ਤਾਂ ਅੰਕੜਿਆਂ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਵਾਧੂ ਫੇਰੀਆਂ ਪਾਈਆਂ ਜਾ ਸਕਦੀਆਂ ਹਨ।

**ਜੇ ਵਸਨੀਕ ਜਵਾਬ ਨਹੀਂ ਦਿੰਦੇ, ਤਾਂ ਬਿਲਡਿੰਗ ਦੇ ਅਮਲੇ ਨੂੰ ਯੂਨਿਟ ਵਿਚਲੇ ਵਸਨੀਕਾਂ ਦੀ ਜਾਣਕਾਰੀ ਬਾਬਤ ਪੁੱਛਿਆ ਜਾ ਸਕਦਾ ਹੈ। ਇਸ ਮਾਮਲੇ ਵਿੱਚ ਅਮਲੇ ਨਾਲ ਸਹਿਯੋਗ ਨੂੰ ਪੁਰਜ਼ੋਰ ਉਤਸ਼ਾਹਤ ਕੀਤਾ ਜਾਂਦਾ ਹੈ।**

ਕਿਸੇ ਵੀ ਸਵਾਲਾਂ ਜਾਂ ਸ਼ੰਕਿਆਂ ਬਾਰੇ ਕਿਰਪਾ ਕਰਕੇ NYC ਜਨਗਣਨਾ ਨੂੰ (347) 698-1095 'ਤੇ ਕਾਲ ਕਰੋ।